ਨਿਊਜ਼ ਰੀਲੀਜ਼

Ontario

14 ਨਵੰਬਰ, 2022

# ਓਨਟਾਰਿਓ ਨੇ ਤਰੱਕੀ ਰਿਪੋਰਟ ਜਾਰੀ ਕੀਤੀ ਅਤੇ ਆਪਣੇ ਨਿਰਮਾਣ ਪਲਾਨ ਨੂੰ ਅੱਗੇ ਵਧਾਇਆ

## *ਓਨਟਾਰਿਓ ਦੇ 2022 ਪਤਝੜ ਆਰਥਿਕ ਸਟੇਟਮੈਂਟ ਆਰਥਿਕ ਅਨਿਸ਼ਚਿਤਤਾ ਅਤੇ ਗਲੋਬਲ ਮਹਿੰਗਾਈ ਦੇ ਸਮੇਂ ਵਿੱਚ ਕਾਰਵਾਈ ਬਾਰੇ ਹੈ*

ਟੋਰਾਂਟੋ — ਅੱਜ, ਵਿੱਤ ਮੰਤਰੀ Peter Bethlenfalvy ਨੇ *2022 ਓਨਟਾਰਿਓ ਇਕਨਾਮਿਕ ਆਊਟਲੁੱਕ ਅਤੇ ਫਿਸਕਲ ਰਿਵਿਊ — ਓਨਟਾਰਿਓ ਦੇ ਨਿਰਮਾਣ ਦਾ ਪਲਾਨ (Ontario's Plan to Build)* ਜਾਰੀ ਕੀਤਾ ਹੈ: *ਤਰੱਕੀ ਅੱਪਡੇਟ* ਇਸ ਵਿੱਚ ਸਰਕਾਰ ਵਲੋਂ ਓਨਟਾਰਿਓ ਦੇ ਨਿਰਮਾਣ ਦੇ ਇਸ ਦੇ ਪਲਾਨ ਬਾਰੇ ਪਹਿਲੀ ਵਾਰ ਤਰੱਕੀ ਰਿਪੋਰਟ ਦੇ ਨਾਲ ਨਾਲ ਅਰਥਚਾਰੇ ਨੂੰ ਬਣਾਉਣ ਦੇ ਇਸ ਦੇ ਪਲਾਨ ਨੂੰ ਅੱਗੇ ਲੈ ਕੇ ਜਾਂਦੇ ਹਨ, ਸੂਬੇ ਵਿੱਚ ਕਾਮਿਆਂ ਦੀ ਕਮੀ ਨਾਲ ਨਜਿੱਠਣ ਅਤੇ ਪਰਿਵਾਰਾਂ ਤੇ ਕਾਰੋਬਾਰਾਂ ਨੂੰ ਕੀਮਤ ਘੱਟ ਰੱਖਣ ਲਈ ਮਦਦ ਵਾਸਤੇ ਚੁੱਕੇ ਗਏ ਕਦਮ ਵੀ ਸ਼ਾਮਲ ਹਨ।

ਸਰਕਾਰ ਨੇ ਓਨਟਾਰਿਓ ਦੇ ਅਰਥਚਾਰੇ ਅਤੇ ਵਿੱਤੀ ਆਉਟਲੁੱਕ ਬਾਰੇ ਅੱਪਡੇਟ ਵੀ ਦਿੱਤੀ ਹੈ, ਜਿਸ ਵਿੱਚ ਉਭਾਰਿਆ ਗਿਆ ਹੈ ਕਿ ਇਸ ਦਾ ਲਚਕੀਲਾ ਅਤੇ ਜੁੰਮੇਵਾਰ ਪਲਾਨ ਸੂਬੇ ਨੂੰ ਸੰਸਾਰ ਦੇ ਸਾਹਮਣੇ ਇਸ ਵੇਲੇ ਜ਼ਿਆਦਾ ਮਹਿੰਗਾਈ ਅਤੇ ਪੈਦਾ ਹੋ ਰਹੀਆਂ ਆਰਥਿਕ ਚੁਣੌਤੀਆਂ ਦੇ ਅਨਿਸ਼ਚਤਾ ਅਤੇ ਖ਼ਤਰੇ ਦਾ ਇੰਤਜ਼ਾਮ ਕਰਨ ਲਈ ਕਿੱਥੇ ਖੜ੍ਹਾ ਹੈ।

"ਇਕੱਠੇ ਅਸੀਂ ਇੱਥੇ ਤੱਕ ਆ ਚੁੱਕੇ ਹਾਂ," Minister Bethlenfalvy ਨੇ ਕਿਹਾ। "ਨਿਵੇਸ਼ ਲਿਆਉਣ ਅਤੇ ਚੰਗੀਆਂ ਨੌਕਰੀਆਂ ਤੋਂ ਲੈ ਕੇ, ਹਜ਼ਾਰਾਂ ਸਕਿੱਲ ਵਾਲੇ ਟਰੇਡ ਕਾਮਿਆਂ ਨੂੰ ਸਿਖਲਾਈ ਅਤੇ ਪਰਿਵਾਰਾਂ ਨੂੰ ਖ਼ਰਚੇ ਘਟਾਉਣ ਲਈ ਮਦਦ ਦੇ ਕੇ ਅਸੀਂ ਮਹੱਤਵਪੂਰਨ ਤਰੱਕੀ ਕੀਤੀ ਹੈ। ਜਿਵੇਂ ਅਸੀਂ ਅਨਿਸ਼ਚਤ ਆਰਥਿਕ ਸਮਿਆਂ ਵਿੱਚੋਂ ਲੰਘ ਰਹੇ ਹਾਂ, ਸਾਡੀ ਸਰਕਾਰ ਨਵੇਂ ਟੀਚਾਬੱਧ ਕਦਮਾਂ ਰਾਹੀਂ ਆਪਣੇ ਪਲਾਨ ਨੂੰ ਵਧਾ ਰਹੀ ਹੈ, ਜੋ ਕਿ ਪਰਿਵਾਰਾਂ, ਬਜ਼ੁਰਗਾਂ ਅਤੇ ਛੋਟੇ ਕਾਰੋਬਾਰਾਂ ਲਈ ਸਹਿਯੋਗੀ ਹੋਣਗੇ।

ਟੀਚਾਬੱਧ ਕਦਮਾਂ ਵਿੱਚ ਖਾਸ ਗੱਲਾਂ, ਜੋ ਕਿ ਸਰਕਾਰ ਦੇ ਪਲਾਨ ਨੂੰ ਅੱਗੇ ਵਧਾਉਂਦੀਆਂ ਹਨ, ਵਿੱਚ ਹਨ:

- ਵਲੰਟੀਅਰ ਸਾਫ਼-ਸੁਥਰੀ ਉਰਜਾ ਦੇ ਕਰੈਡਿਟ ਰਜਿਸਟਰ ਨੂੰ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਨਾਲ ਮੁਕਾਬਲੇਬਾਜ਼ੀ, ਨੌਕਰੀਆਂ ਮਿਲਣ ਅਤੇ ਸੁਝਾਏ ਕਨੂੰਨ ਵਲੋਂ ਕਾਰੋਬਾਰਾਂ ਨੂੰ ਤੈਅ ਕੀਤੇ ਉਹਨਾਂ ਦਾ ਵਾਤਾਵਰਣ ਅਤੇ ਝੱਲਣਯੋਗਤਾ ਟੀਚਿਆਂ ਨੂੰ ਪੂਰਾ ਕਰਨ ਲਈ ਵੱਧ ਮੌਕੇ ਮਿਲਣ।
- ਅਗਲੇ ਤਿੰਨ ਸਾਲਾਂ ਦੌਰਾਨ ਓਨਟਾਰਿਓ ਦੇ ਛੋਟੇ ਕਾਰੋਬਾਰਾਂ ਨੂੰ ਇਨਕਮ ਟੈਕਸ ਵਿੱਚ $185 ਮਿਲੀਅਨ ਦੀ ਰਾਹਤ ਦਿੱਤੀ ਜਾ ਰਹੀ ਹੈ, ਜਿਸ ਨਾਲ ਛੋਟੇ ਕਾਰੋਬਾਰ ਟੈਕਸ ਦਰ ਵਿੱਚ ਬਾਕੀ ਬਚਿਆਂ ਲਈ ਸੁਝਾਈ ਛੋਟ ਰਾਹੀਂ 5,500 ਛੋਟੇ ਕਾਰੋਬਾਰਾਂ ਨੂੰ ਫਾਇਦਾ ਹੋਵੇਗਾ।
- ਸਾਰੀਆਂ ਮਿਊਂਸਪਲਿਟੀਆਂ ਵਿਚਲੇ ਛੋਟੇ ਕਾਰੋਬਾਰਾਂ ਲਈ ਬਰਾਬਰ ਦੇ ਪ੍ਰਾਪਟੀ ਟੈਕਸ ਦੀ ਕਟੌਤੀ ਆਪਣੇ-ਆਪ, ਜੋ ਕਿ ਛੋਟੇ ਕਾਰੋਬਾਰਾਂ ਦੀ ਪ੍ਰਾਪਟੀ ਸਬ-ਕਲਾਸ ਮੁਤਾਬਕ ਹੈ।
- ODSP ਉੱਤੇ ਅਪੰਗਤਾ ਵਾਲੇ ਵਿਅਕਤੀ ਨੂੰ ਉਹਨਾਂ ਵਲੋਂ ਮਹੀਨੇਵਾਰ ਕਮਾਈ ਛੋਟ ਨੂੰ ਹਰ ਮਹੀਨੇ ਲਈ $200 ਤੋਂ ਵਧਾ ਕੇ $1,000 ਕਰਨ ਨਾਲ ਵੱਧ ਧਨ ਆਪਣੇ ਕੋਲ ਰੱਖਣ ਲਈ ਤਬਦੀਲੀਆਂ ਕਰਨੀਆਂ। ਇਸ ਨਾਲ ਇਸ ਵੇਲੇ ਕੰਮ ਕਰਨ ਵਾਲੇ ਲਗਭਗ 25,000 ਵਿਅਕਤੀਆਂ ਨੂੰ ਆਪਣੇ ਕੋਲ ਵੱਧ ਕਮਾਈ ਰੱਖਣ ਦਾ ਮੌਕਾ ਮਿਲੇਗਾ ਅਤੇ ਇਸ ਨਾਲ ਹੀ 25,000 ਦੇ ਲਗਭਗ ਹੋਰ ਲੋਕਾਂ ਨੂੰ ਕੰਮ ਕਰਨ ਲਈ ਪ੍ਰੇਰਨਾ ਮਿਲ ਸਕਦੀ ਹੈ।
- ਜੁਲਾਈ 2023 ਤੋਂ ਸ਼ੁਰੂ ਕਰਕੇ, ਸਾਲਨਾ ਗੰਭੀਰ ਅਪੰਗਤਾ ਸਹਾਇਤਾ ਪ੍ਰੋਗਰਾਮ ਅਧੀਨ ਬੱਚਿਆਂ (Assistance for Children with Severe Disabilities program) ਵਾਸਤੇ ਵੱਧ ਤੋਂ ਵੱਧ ਮਹੀਨੇਵਾਰ ਰਕਮ ਨੂੰ ਮਹਿੰਗਾਈ ਵਾਸਤੇ ਮੇਲਣ ਲਈ ਵਿਉਂਤ ਬਣਾਈ ਹੈ।
- ਜੁਲਾਈ 2023 ਤੋਂ ਸ਼ੁਰੂ ਕਰਕੇ, ਅਪੰਗਤਾ ਨਾਲ ਜਿਉਣ ਵਾਲੇ ਘੱਟ ਆਮਦਨ ਲੋਕਾਂ ਲਈ ਵੱਧਦੀਆਂ ਕੀਮਤਾਂ ਦਾ ਇੰਤਜ਼ਾਮ ਕਰਨ ਲਈ ਓਨਟਾਰਿਓ ਡਿਸੇਬਿਲਟੀ ਸਪੋਰਟ ਪ੍ਰੋਗਰਾਮ (Ontario Disability Support Program, ODSP) ਲਈ ਸਾਲਨਾ ਮਹਿੰਗਾਈ ਵਾਸਤੇ ਭੱਤੇ ਅਡਜੱਸਟ ਕੀਤੇ ਜਾਣ ਦੀ ਸਕੀਮ ਹੈ।

- ਸਕਿਲ ਵਿਕਾਸ ਫੰਡ (Skills Development Fund) ਵਿੱਚ ਫੰਡਾਂ ਦੀ ਨਵੀ ਲੜੀ ਰਾਹੀਂ 2022-23 ਵਿੱਚ $40 ਮਿਲੀਅਨ ਦੇ ਵਧੀਕ ਨਿਵੇਸ਼ ਨਾਲ ਕੁੱਲ $145 ਮਿਲੀਅਨ ਲਾਏ ਜਾਣਗੇ, ਜਿਸ ਨਾਲ ਮੰਗ ਵਾਲੇ ਉਦਯੋਗਾਂ ਵਿੱਚ ਪਹਿਲਾਂ ਹੀ 393,000 ਲੋਕਾਂ ਨੂੰ ਉਹਨਾਂ ਦੇ ਕੈਰੀਅਰ ਦੇ ਅਗਲੇ ਪੜਾਅ ਲਈ ਮਦਦ ਕੀਤੀ ਹੈ।
- 2023-24 ਤੋਂ ਸ਼ੁਰੂ ਕਰਕੇ, ਡੁਅਲ ਕਰੈਡਿਟ ਪ੍ਰੋਗਰਾਮ (Dual Credit program) ਦਾ ਵਿਸਤਾਰ ਕਰਨ ਲਈ ਅਗਲੇ ਦੋ ਸਾਲਾਂ ਦੇ ਦੌਰਾਨ $4.8 ਮਿਲੀਅਨ ਦਾ ਹੋਰ ਨਿਵੇਸ਼ ਕਰਨਾ, ਹੋਰ ਵਧੇਰੇ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੂੰ ਸਕਿਲ ਵਾਲੇ ਟਰੇਡਾਂ ਜਾਂ ਸ਼ੁਰੂਆਤੀ ਬੱਚਿਆਂ ਲਈ ਸਿੱਖਿਆ ਵਿੱਚ ਕੈਰੀਅਰ ਚੁਣਨ ਲਈ ਉਤਸ਼ਾਹਿਤ ਕਰੇਗਾ।
- ਗੈਸ ਟੈਕਸ ਅਤੇ ਫਿਊਲ ਟੈਕਸ ਦਰਾਂ ਵਿੱਚ ਕਟੌਤੀਆਂ ਵਿੱਚ ਵਾਧਾ ਕਰਨ ਦਾ ਸੁਝਾਅ ਹੈ, ਜਿਸ ਨਾਲ ਗੈਸੋਲੀਨ ਅਤੇ ਤੇਲ (ਡੀਜ਼ਲ) ਉੱਤੇ ਟੈਕਸ ਦੀ ਦਰ 31 ਦਸੰਬਰ 2023 ਤੱਕ 9 ਸੈਂਟ ਪ੍ਰਤੀ ਲੀਟਰ ਹੀ ਰਹੇਗੀ।
- ਓਨਟਾਰਿਓ ਦੇ ਘੱਟ ਆਮਦਨ ਵਾਲੇ ਲਗਭਗ 200,000 ਬਜ਼ੁਰਗਾਂ ਨੂੰ ਕੀਮਤਾਂ ਨਾਲ ਨਜਿੱਠਣ ਲਈ ਮਦਦ ਵਾਸਤੇ ਜਨਵਰੀ 2023 ਤੋਂ ਸ਼ੁਰੂ ਕਰਕੇ 12 ਮਹੀਨਿਆਂ ਲਈ ਸਾਰੇ ਪ੍ਰਾਪਤ ਕਰਨ ਵਾਲਿਆਂ ਨੂੰ Guaranteed Annual Income System (ਗਾਰੰਟੀਸ਼ੁਦਾ ਸਾਲਨਾ ਆਮਦਨ ਪ੍ਰਨਾਲੀ) ਭੁਗਤਾਨ ਨੂੰ ਦੁੱਗਣਾ ਕਰਨ ਦਾ ਸੁਝਾਅ ਹੈ, ਜੋ ਕਿ 2023 ਵਿੱਚ ਹਰ ਵਿਅਕਤੀ ਲਈ ਲਗਭਗ $1,000 ਦਾ ਵੱਧ ਤੋਂ ਵੱਧ ਵਾਧਾ ਹੋਵੇਗਾ।
- Ontario Production Services Tax Credit (ਓਨਟਾਰਿਓ ਪ੍ਰੋਡਕਸ਼ਨ ਸਰਵਿਸਸ ਟੈਕਸ ਕਰੈਡਿਟ) ਲਈ ਪਾਤਰਤਾ ਲਾਗਤ ਨੂੰ ਟਿਕਾਣਾ ਫ਼ੀਸ ਸ਼ਾਮਲ ਕਰਕੇ ਵਧਾਉਣ ਦਾ ਸੁਝਾਅ ਹੈ ਤਾਂ ਕਿ ਘਰੇਲੂ ਅਤੇ ਵਿਦੇਸ਼ੀ ਫਿਲਮ ਅਤੇ ਟੈਲੀਵਿਜ਼ਨ ਪ੍ਰੋਡਕਸ਼ਨ ਨੂੰ ਸੂਬੇ ਵਿੱਚ ਖਿੱਚਿਆ ਜਾ ਸਕੇ ਅਤੇ ਓਨਟਾਰਿਓ ਭਰ ਦੀਆਂ ਕਮਿਊਨਟੀਆਂ ਵਿੱਚ ਫਿਲਮਾਂ ਬਣਾਉਣ ਲਈ ਪ੍ਰੇਰਿਤ ਕੀਤਾ ਜਾ ਸਕੇ।

"ਅਸੀਂ ਵੱਧ ਰਹੀ ਮਹਿੰਗਾਈ ਦੇ ਸਮੇਂ ਵਿੱਚੋਂ ਗੁਜ਼ਰ ਰਹੇ ਹਾਂ, ਜਿਸ ਨੇ ਰੋਜ਼ਮਰਾ ਦੇ ਸਾਮਾਨ ਅਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਘਰਾਂ ਦੇ ਬਜਟ ਨੂੰ ਵਿਗਾੜ ਦਿੱਤਾ ਹੈ," Minister Bethlenfalvy ਨੇ ਕਿਹਾ। "ਪਰ ਮੈਨੂੰ ਓਨਟਾਰਿਓ ਦੇ ਅਰਥਚਾਰੇ, ਇਸ ਦੇ ਕਾਮਿਆਂ ਅਤੇ ਇਸ ਦੇ ਲੋਕਾਂ ਦੇ ਮੁੜ ਲੀਹ ਉੱਤੇ ਆਉਣ ਦਾ ਪੂਰਾ ਭਰੋਸਾ ਹੈ। ਅਤੇ ਮੈਨੂੰ ਸਾਡੀ ਸਰਕਾਰ ਵਲੋਂ ਸਾਡੇ ਵਿੱਤੀ ਲਚਕੀਲੇਪਣ ਨੂੰ ਬਣਾਈ ਰੱਖਣ ਦੇ ਪਲਾਨ ਵਿੱਚ ਭਰੋਸਾ ਹੈ, ਇਸਕਰਕੇ ਅਸੀਂ ਅੱਜ ਲੋਕਾਂ ਤੇ ਕਾਰੋਬਾਰਾਂ ਨੂੰ ਮਦਦ ਦੇਣ ਦਾ ਟੀਚਾ ਰੱਖਿਆ, ਜਦੋਂ ਕਿ ਭਵਿੱਖ ਲਈ ਕੰਮ ਕਰਨਾ ਜਾਰੀ ਰੱਖਾਂਗੇ।"

ਸਰਕਾਰ ਵਲੋਂ ਪਹਿਲੀ ਵਾਰ ਬਿਲਡਿੰਗ ਓਨਟਾਰਿਓ ਤਰੱਕੀ ਰਿਪੋਰਟ (Building Ontario Progress Report) ਦੀਆਂ ਮੁੱਖ ਗੱਲਾਂ:

- ਪਿਛਲੇ ਦੋ ਸਾਲਾਂ ਲਈ ਗਲੋਬਰ ਆਟੋਮੇਕਰ ਅਤੇ ਬਿਜਲਈ ਵਹੀਕਲ ਬੈਟਰੀਆਂ ਦੇ ਸਪਲਾਇਰਾਂ ਅਤੇ ਬੈਟਰੀ ਸਮੱਗਰੀਆਂ ਵਲੋਂ ਓਨਟਾਰਿਓ ਵਿੱਚ ਟਰਾਂਸਫਾਰਮੇਟਿਵ ਆਟੋਮੋਟਿਵ ਨਿਵੇਸ਼ ਵਿੱਚ $16 ਬਿਲੀਅਨ ਆਏ ਹਨ।
- ਪਿਛਲੇ ਸਾਲ ਵਿੱਚ ਨਿਵੇਸ਼ ਵਾਸਤੇ $2.5 ਬਿਲੀਅਨ ਆਏ ਹਨ, ਜਿਸ ਨਾਲ ਸਟੀਲ ਖੇਤਰ ਵਿੱਚ ਤਬਦੀਲੀ ਨੂੰ ਮਦਦ ਹੋਵੇਗੀ ਅਤੇ ਸੂਬੇ ਨੂੰ ਘੱਟ-ਕਾਰਬਨ ਵਾਲੇ ਸਟੀਲ ਦੇ ਉਤਪਾਦਕ ਵਿੱਚ ਸੰਸਾਰ ਦੇ ਮੋਢੀ ਬਣਨ ਲਈ ਮਦਦ ਹੋਵੇਗੀ।
- 2022 ਵਿੱਚ ਓਨਟਾਰਿਓ ਕਾਰੋਬਾਰਾਂ ਨੂੰ ਕੀਮਤ ਬੱਚਤਾਂ ਅਤੇ ਸਹਿਯੋਗ ਦੇਣ ਵਿੱਚ ਅੰਦਾਜ਼ਨ $8.7 ਬਿਲੀਅਨ ਦੀ ਮਦਦ ਦਿੱਤੀ ਜਾ ਰਹੀ ਹੈ, ਜਿਸ ਵਿੱਚ $4.0 ਬਿਲੀਅਨ ਪੇਅਰੋਲ ਕੀਮਤਾਂ ਘਟਾ ਕੇ ਅਤੇ ਬਿਜਲੀ ਦੀ ਕੀਮਤ ਵਿੱਚ ਰਾਹਤ ਦੇ ਕੇ ਛੋਟੇ ਕਾਰੋਬਾਰਾਂ ਨੂੰ ਦਿੱਤੀ ਜਾ ਰਿਹਾ ਹੈ
- ਓਨਟਾਰਿਓ ਦੇ ਸਭ ਤੋਂ ਪਹਿਲੇ ਬਹੁਤ ਜ਼ਰੂਰੀ ਖਣਿਜ ਪਦਾਰਥਾਂ ਲਈ ਕਾਰਜਨੀਤੀ (Critical Minerals Strategy) ਅਤੇ ਬਹੁਤ ਜ਼ਰੂਰੀ ਪੁਰਾਣੇ ਢਾਂਚੇ ਜਿਵੇਂ ਕਿ ਸਾਰੇ-ਸਾਲ ਲਈ ਸੜਕਾਂ ਤੋਂ Ring of Fire ਲਈ ਸਹਿਯੋਗ ਵਾਸਤੇ $1 ਬਿਲੀਅਨ ਤੱਕ ਦੀ ਵਚਨਬੱਧਤਾ ਨਾਲ ਬਹੁਤ ਜ਼ਰੂਰੀ ਖਣਿਜ ਪਦਾਰਥਾਂ ਦੀਆਂ ਆਰਥਿਕ ਸੰਭਾਵਨਾ ਲੱਭਣੀਆਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ, ਜਿਹੜੇ Ring of Fire ਵਿੱਚ ਸ਼ਾਮਲ ਹਨ।
- ਸਕਿਲ ਰੱਖਣ ਵਾਲੇ ਟਰੇਡਾਂ ਲਈ ਸਹਿਯੋਗ ਜਾਰੀ ਰੱਖਦੇ ਹੋਏ ਓਨਟਾਰਿਓ ਨੂੰ ਇੰਪਰੈਂਨਸਸ਼ਿਪ ਪ੍ਰੋਗਰਾਮਾਂ ਵਿੱਚ 71,700 ਨਵੀਆਂ ਰਜਿਸਟਰੇਸ਼ਨਾਂ ਮਿਲ ਰਹੀਆਂ ਹਨ, ਜੋ ਕਿ 2018 ਅਤੇ 2020 ਦੇ ਵਿਚਾਲੇ 25,000 ਇੰਪਰੈਂਨਸਸ਼ਿਪ ਦੇ ਸਰਟੀਫਿਕੇਟਾਂ (Certificates of Apprenticeship) ਅਤੇ 5,600 ਯੋਗਤਾ ਦੇ ਸਰਟੀਫਿਕੇਟਾਂ (Certificates of Qualification) ਤੋਂ ਵੱਧ ਹਨ।
- 2020 ਤੋਂ ਲੈ ਕੇ 11,700 ਤੋਂ ਵੱਧ ਸਿਹਤ ਦੇਖਭਾਲ ਕਾਮਿਆਂ ਨੂੰ ਜੋੜਿਆ ਗਿਆ ਹੈ, ਜਿਸ ਵਿੱਚ ਨਰਸਾਂ ਅਤੇ ਨਿੱਜੀ ਸਹਾਇਤਾ ਕਾਮੇ ਸ਼ਾਮਲ ਹਨ, ਇਸ ਦੇ ਨਾਲ ਨਾਲ 800 ਕੌਮਾਂਤਰੀ ਸਿੱਖਿਆ ਪ੍ਰਾਪਤ ਨਰਸਾਂ ਵੀ ਸਰਕਾਰ ਵਲੋਂ ਫੰਡ ਦਿੱਤੇ ਪ੍ਰੋਗਰਾਮਾਂ ਰਾਹੀਂ ਓਨਟਾਰਿਓ ਵਿੱਚ ਲਸੰਸਸ਼ੁਦਾ ਨਰਸ ਬਣੇ ਹਨ।

- ਕਮਿਊਨਟੀਆਂ ਨੂੰ ਆਪਸ ਵਿੱਚ ਜੋੜਨ, ਗਰਿੱਡਲਾਕ ਨਾਲ ਨਿਪਟਣ ਅਤੇ ਸੂਬੇ ਭਰ ਵਿੱਚ ਸਾਮਾਨ ਅਤੇ ਲੋਕਾਂ ਨੂੰ ਆਉਣ ਜਾਣ ਦੀਆਂ ਸਹੂਲਤਾਂ, ਜਿਸ ਵਿੱਚ Highway 413 ਅਤੇ Bradford Bypass ਬਣਾਉਣਾ ਤੇ Highway 401 ਨੂੰ ਵਧਾਉਣਾ ਸ਼ਾਮਲ ਹੈ, ਲਈ ਅਗਲੇ 10 ਸਾਲਾਂ ਦੌਰਾਨ ਹਾਈਵੇਅ ਫੈਲਾਉਣ ਅਤੇ ਮੁੜ-ਬਹਾਲ ਕਰਨ ਲਈ ਲਗਭਗ $25.1 ਬਿਲੀਅਨ

## *ਸੰਖੇਪ ਤੱਥ*

- ਜਦੋਂ ਕਿ ਗਲੋਬਲ ਅਰਥਚਾਰੇ ਦੇ ਹਾਲਤ ਅਨਿਸ਼ਚਤ ਹਨ, ਜਿਸ ਦੇ ਕਈ ਕਾਰਨ ਹਨ, ਜੋ ਸਰਕਾਰ ਦੇ ਵੱਸ ਵਿੱਚੋਂ ਬਾਹਰ ਹਨ, ਸਰਕਾਰ ਨੇ ਅਗਲੇ ਕਈ ਸਾਲਾਂ ਦੌਰਾਨ ਅਰਥਚਾਰੇ ਦੇ ਵੱਧ ਤੇਜ਼ ਤਰੱਕੀ ਅਤੇ ਹੌਲੀ ਤਰੱਕੀ ਦੇ ਹਾਲਤਾਂ ਨੂੰ ਵਿਕਸਿਤ ਕੀਤਾ ਹੈ ਤਾਂ ਕਿ ਪਾਰਦਰਸ਼ਤਾ ਰਹੇ ਕਿ ਅਰਥਚਾਰੇ ਦੇ ਬਦਲਵੇਂ ਹਾਲਤ ਓਨਟਾਰਿਓ ਦੇ ਵਿੱਤ ਉੱਤੇ ਕਿਵੇਂ ਅਸਰ ਪਾ ਸਕਦੇ ਹਨ।
- ਸਰਕਾਰ ਚੱਲ ਰਹੀ ਆਰਥਿਕ ਅਨਿਸ਼ਚਤਤਾ ਅਤੇ ਵਿੱਤੀ ਚੁਣੌਤੀਆਂ ਨੂੰ ਵੇਖਦੇ ਹੋਏ ਸੂਬੇ ਦੇ ਢਾਂਚਾਗਤ ਘਾਟੇ ਨੂੰ ਖਤਮ ਕਰਨ ਵਚਨਬੱਧ ਹੈ ਅਤੇ ਓਨਟਾਰਿਓ ਦੇ ਵਿੱਤਾਂ ਨੂੰ ਵਾਪਸ ਲੀਹ ਉੱਤੇ ਲਿਆਉਣ ਲਈ ਆਪਣੇ ਯਤਨਾਂ ਨੂੰ ਦੁਗਣਾ ਕਰ ਰਹੀ ਹੈ।
- ਸਰਕਾਰ ਨੇ 2022-23 ਵਿੱਚ $12.9 ਬਿਲੀਅਨ ਦੇ ਘਾਟੇ ਦਾ ਹੁਣ ਅੰਦਾਜ਼ਾ ਲਾਇਆ ਹੈ, ਜੋ ਕਿ 2022 ਦੇ ਬਜਟ ਵਿੱਚ ਪ੍ਰਕਾਸ਼ਿਤ ਕੀਤੇ ਅੰਦਾਜ਼ੇ ਤੋਂ ਲਗਭਗ $7 ਬਿਲੀਅਨ ਘੱਟ ਹੈ।
- ਸਮੇਂ ਦੀ ਦਰਮਿਆਨੀ ਮਿਆਦ ਦੇ ਦੌਰਾਨ, ਸਰਕਾਰ 2023-24 ਵਿੱਚ $8.1 ਬਿਲੀਅਨ ਅਤੇ 2024-25 ਵਿੱਚ $0.7 ਬਿਲੀਅਨ ਦੇ ਲਗਾਤਾਰ ਘਟ ਰਹੇ ਘਾਟਿਆਂ ਦਾ ਅੰਦਾਜ਼ਾ ਲਾ ਰਹੀ ਹੈ। 2022–23 ਵਿੱਚ ਇਹ ਘਾਟੇ ਦੇ ਨਜ਼ਰੀਏ ਰਾਹੀਂ $18.1 ਬਿਲੀਅਨ ਦਾ ਸੰਚਿਤ ਸੁਧਾਰ ਅਤੇ ਉਧਾਰ ਲੈਣ ਦੀਆਂ ਲੋੜਾਂ ਵਿੱਚ $26.1 ਬਿਲੀਅਨ ਦੀ ਸੰਚਿਤ ਕਮੀ 2022 ਬਜਟ ਦੇ ਮੁਕਾਬਲੇ ਦਰਸਾਉਂਦਾ ਹੈ।

## ਵਧੀਕ ਸਰੋਤ

*2022 ਓਨਟਾਰਿਓ ਇਕਨਾਮਿਕ ਆਉਟਲੁੱਕ ਅਤੇ ਫਿਸਕਲ ਰਿਵਿਊ — ਓਨਟਾਰਿਓ ਦੇ ਨਿਰਮਾਣ ਦਾ ਪਲਾਨ: ਤਰੱਕੀ ਅੱਪਡੇਟ*

*ਬੈਕਗਰਾਊਂਡ* ਪੜ੍ਹੋ: *ਆਰਥਿਕ ਅਤੇ ਵਿੱਤੀ ਸਾਰ*

*ਓਨਟਾਰਿਓ ਦੇ ਨਿਰਮਾਣ ਦੇ ਪਲਾਨ* ਦੀਆਂ ਮੁੱਖ ਗੱਲਾਂ ਪੜ੍ਹੋ: *ਤਰੱਕੀ ਅੱਪਡੇਟ*

ਸਰਕਾਰ ਵਲੋਂ ਕੀਮਤਾਂ ਘੱਟ ਰੱਖਣ ਦੇ ਪਲਾਨ ਅਤੇ ਸਰਕਾਰ ਕਦੋਂ ਰਾਹਤ ਦਿੰਦੀ ਹੈ ਦੇ ਬਾਰੇ ਹੋਰ ਪੜ੍ਹੋ

*2022 ਬਜਟ* ਨੂੰ ਪੜ੍ਹੋ: *ਓਨਟਾਰਿਓ ਦੇ ਨਿਰਮਾਣ ਦਾ ਪਲਾਨ*

---

**ਮੀਡੀਆ ਸੰਪਰਕ**

ontario.ca/finance-news
*Disponible en français*

Emily Hogeveen
ਮੰਤਰੀ ਦਾ ਦਫ਼ਤਰ
647-294-6166
Emily.Hogeveen@ontario.ca

Scott Blodgett
ਕਮਿਊਨੀਕੇਸ਼ਨ ਬਰਾਂਚ
416-728-9791
Scott.Blodgett@ontario.ca